# ਬੁੱਢੇਵਾਲ ਪਬਲਿਕ ਸਕੂਲ ਨੇ ਜਿੱਤਿਆ ਜ਼ੋਨਲ ਫੁੱਟਬਾਲ ਟੂਰਨਾਮੈਂਟ

ਗੁਰਮੀਤ ਸਿੰਘ ਨਿੱਝਰ, ਲੁਧਿਆਣਾ

**ਅਖਿਲ ਭਾਰਤੀ** ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਦਾ ਅਯੋਜਨ ਅੱਜ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ-38, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਗਿਆ। 32 ਸਕੂਲਾਂ ਤੇ 350 ਤੋਂ ਜ਼ਿਆਦਾ ਬੱਚਿਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ। ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ ਫਾਈਨਲ ਬੁੱਢੇਵਾਲ ਪਬਲਿਕ ਸਕੂਲ ਤੇ ਟੈਗੋਰ ਇੰਟਰਨੇਸ਼ਨਲ ਸਕੂਲ 'ਚ ਖੇਡਿਆ ਗਿਆ। ਬੁੱਢੇਵਾਲ ਪਬਲਿਕ ਸਕੂਲ ਨੇ ਟੈਗੋਰ ਇੰਟਰਨੇਸ਼ਨਲ ਸਕੂਲ ਨੂੰ 3—0 ਨਾਲ ਹਰਾ ਕੇ ਫਾਈਨਲ ਜਿੱਤਿਆ। ਬੁੱਢੇਵਾਲ ਪਬਲਿਕ ਸਕੂਲ ਵਲੋਂ ਆਸ਼ੀਸ਼ ਨੇ 2 ਤੇ ਸੁਖਮਨ ਨੇ 1 ਗੋਲ ਕੀਤਾ। ਸੇਮੀ ਫਾਈਨਲ 'ਚ ਬੁੱਢੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਅੱਜ ਰੈਯਾਨ ਇੰਟਰਨੇਸ਼ਨਲ ਸਕੂਲ ਨਾਲ ਤੇ ਟੈਗੋਰ ਇੰਟਰਨੇਸ਼ਨਲ ਸਕੂਲ ਦਾ ਮੁਕਾਬਲਾ ਜੀਐਸਐਸਐਸ ਜਿੰਦਾਲੀ ਨਾਲ ਹੋਇਆ। ਬੁੱਢੇਵਾਲ ਪਬਲਿਕ ਸਕੂਲ ਨੇ ਰੈਯਾਨ ਇੰਟਰਨੇਸ਼ਨਲ ਸਕੂਲ ਨੂੰ 4 -0 ਨਾਲ ਹਰਾ ਕੇ ਫਾਈਨਲ 'ਚ ਆਪਣਾ ਸਥਾਨ ਪੱਕਾ ਕੀਤਾ। ਬੁੱਢੇਵਾਲ ਸਕੂਲ ਦੀ ਤਰਫ ਤੋਂ ਹਰਪਰੀਤ ਸਿੰਘ ਨੇ 1 , ਸੋਨੂ ਨੇ 2 ਤੇ ਸੁਖਮਨ ਨੇ 1 ਗੋਲ ਕੀਤਾ।

ਬੈਸਟ ਗੋਲਕੀਪਰ ਟੈਗੋਰ ਇੰਟਰਨੇਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਤੇ ਬੁੱਢੇਵਾਲ ਸਕੂਲ ਦੇ ਜਸਵਿੰਦਰ ਸਿੰਘ ਨੂੰ ਹਾਈਐਸਟ ਗੋਲ ਸਕੋਰਰ ਤੇ ਮੋਸਟ ਵੈਲਯੂਏਬਲ ਪਲੇਅਰ ਦਾ ਅਵਾਰਡ ਦੀਤਾ। ਟੂਰਨਾਮੈਂਟ ਦੇ ਹੈਡ ਸਕਾਉਟ ਜਮਸ਼ਿਦ ਨਾਸਿਰੀ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਹੇ ਹਨ ਤਾਂ ਜੋ ਕਿ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਹੋ ਸਕੇ। ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ ਇਕ ਪਹਿਲ ਹੈ ਜੋ ਦੇਸ਼ ਭਰ ਦੇ ਸ਼ਹਿਰਾਂ 'ਚ ਅਯੋਜਿਤ ਕੀਤੀ ਜਾ ਰਹੀ ਹੈ।